**TENDER HEART HIGH SCHOOL, SECTOR-33B, CHANDIGARH**

Class- 9 Teacher- Ramandeep Kaur

Topic- ਭੱਤਾ ਪਾਠ - 2

ਸ਼ੁੱਭ ਸਵੇਰ

ਵਿਦਿਆਰਥੀਓ ਇਸ ਹਫ਼ਤੇ ਅਸੀਂ ਨੌਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਹਾਣੀ 'ਭੱਤਾ' ਬਾਰੇ ਵਿਚਾਰ ਕਰਾਂਗੇ। ਇਸਦੇ ਲੇਖਕ 'ਸੰਤ ਸਿੰਘ ਸੇਖੋਂ' ਹਨ।

ਇਸ ਹਫ਼ਤੇ ਅਸੀਂ ਪੰਨਾ ਨੰਬਰ 10 ਅਤੇ ਪੰਨਾ ਨੰਬਰ 11 ਬਾਰੇ ਵਿਚਾਰ ਕਰਾਂਗੇ। ਪਹਿਲਾਂ ਅਸੀਂ ਇਹਨਾਂ ਪੰਨਿਆਂ ਦੇ ਔਖੇ ਸ਼ਬਦਾਂ ਦੇ ਅਰਥ ਵਿਚਾਰਾਂਗੇ। ਇਸ ਨਾਲ ਤੁਹਾਨੂੰ ਕਹਾਣੀ ਸਮਝਣ ਵਿੱਚ ਮਦਦ ਹੋਵੇਗੀ।

ਪੰਨਾ - 10, 11 (ਸ਼ਬਦਾਂ ਦੇ ਅਰਥ)

1. ਭੱਤਾ - ਪੱਕੀ ਰੋਟੀ ਬੰਨ੍ਹ ਕੇ ਖੇਤ ਲੈ ਕੇ ਜਾਣਾ।
2. ਸਬੱਬ - ਕਾਰਣ
3. ਕਰੜਾ ਮੂੰਹ - ਗੁੱਸੇ ਵਾਲਾ ਮੂੰਹ
4. ਬਣ ਬਣਾਏ - ਸਿਆਣਾ ਹੋਣਾ
5. ਬਿਛੌਣਾ - ਬਿਸਤਰਾ
6. ਹਾਜ਼ਰੀ - ਸਵੇਰ ਦੀ ਰੋਟੀ।

Class-9  Teacher - Ramandeep Kaur
Topic- ਭੂੰਗਾ  ਪਾਠ-2

7. ਗੰਢੇ - ਪਿਆਜ਼  8 ਚਾਲ੍ਹਗ - ਚਾਲ੍ਹਗ = ਜ਼ੋਰ ਦੇ

9 ਕਮਾਦ - ਗੰਨੇ ਦਾ ਖੇਤ  10 ਗੱਦ-ਗੱਦ ਹੋਣਾ - ਖੁਸ਼ ਹੋਣਾ

11 ਸਿਆੜ - ਗੋਡਾ  12 ਪਿਉ ਦਾਦੂਗੀ - ਪੀੜ੍ਹੀਆਂ ਤੋਂ

13 ਲਚਕੋਰੇ - ਮਟਕ ਮਟਕ ਕੇ  14 ਤਾਂਘਵਾਨ - ਇੱਛਾ

15 ਨਿਮੋਝੂਣੀ - ਸ਼ਰਮਿੰਦਗੀ  16 ਢਿੱਡ ਵਿਚ ਚੁੱਟੀ ਭਰੇ - ਭੁੱਖਾ ਰਹਿਣਾ

17 ਕਰੀਆਂ ਰਗਾਂ - ਉਦਾਸ ਮਨ ਨਾਲ

ਇਸ ਕਹਾਣੀ ਵਿੱਚ ਲੇਖਕ ਨੇ ਪੇਂਡੂ ਜੀਵਨ ਦੀ ਯਥਾਰਥਤਾ ਦੀ ਝਲਕ ਪੇਸ਼ ਕੀਤੀ ਹੈ। ਪੰਜਾਬ ਦੇ ਕਿਸਾਨੀ ਜੀਵਨ ਦੇ ਸੱਚ (ਯਥਾਰਥ) ਨੂੰ ਪੇਸ਼ ਕੀਤਾ ਹੈ। ਲੇਖਕ ਨੇ ਪਾਤਰ ਉਸਾਰੀ ਵੀ ਵਧੀਆ ਢੰਗ ਨਾਲ ਕੀਤੀ ਹੈ।

ਬਾਪੂ, ਨਾਮ੍ਹੋ, ਪੀਤੋ, ਹਰਨਾਮ ਸਿੰਘ, ਬੁੱਢੀ ਔਰਤ ਨੂੰ ਉਸਾਰ ਕੇ ਵਧੀਆ ਮਚਲਾ ਕੀਤੀ ਹੈ।

ਸੋ ਹੁਣ ਅਸੀਂ ਕਹਾਣੀ ਵਿਚਾਰਦੇ ਹਾਂ।

* ਹਰਨਾਮ ਸਿੰਘ ਦੀ ਉਦਾਸੀ ਦਾ ਕਾਰਨ —
ਹਰਨਾਮ ਸਿੰਘ ਤੜਕਸਾਰ ਆਪਣੇ ਪਿਤਾ ਨਾਲ ਖੇਤ ਹਲ ਵਾਹੁਣ ਚਲਾ ਜਾਂਦਾ ਹੈ। ਇਕ

Class-9 Ramandeep Kaur
Topic- ਭੱਤਾ ਪਾਠ - 2

ਚੜ੍ਹੇ ਪਾਰੋਂ ਕੋਈ ਕੀਮਤ ਭਾਵੇਂ ਪਾਰ ਦੀ ਔਰਤ ਰੋਟੀ ਲੈ ਕੇ ਆਉਂਦੀ ਹੈ। ਉਸ ਰੋਟੀ ਨੂੰ ਹੀ ਭੱਤਾ ਕਿਹਾ ਜਾਂਦਾ ਹੈ। ਕਹਾਣੀ ਦੇ ਸ਼ੁਰੂ ਵਿੱਚ ਹੀ ਹਰਨਾਮ ਸਿੰਘ ਦੀ ਮਾਂ, ਨਾਮੋ ਉਸਦੀ ਭੈਣ ਨੂੰ ਗੁੱਸੇ ਨਾਲ ਜਗਾਉਂਦੀ ਹੈ। ਉਸਨੂੰ ਗਾਲਾਂ ਵੀ ਕੱਢਦੀ ਹੈ ਕਿਉਂਕਿ ਉਸਨੇ ਖੇਤ ਭੱਤਾ ਲੈ ਕੇ ਜਾਣਾ ਹੈ ਤੇ ਉਹ ਅਜੇ ਤੱਕ ਸੁੱਤੀ ਪਈ ਹੈ। ਨਾਮੋ ਮਾਂ ਦੀਆਂ ਝਿੜਕਾਂ ਸੁਣ ਕੇ ਉੱਠਦੀ ਹੈ, ਖਿਮਤਰਾ ਇੱਕਠਾ ਕਰਦੀ ਹੈ। ਆਪਣਾ ਮੂੰਹ ਹੱਥ ਧੋ ਕੇ ਆਪਣੀ ਰੋਟੀ ਖਾ ਕੇ ਆਪਣੇ ਬਾਪੂ ਅਤੇ ਭਰਾ ਦੀ ਰੋਟੀ ਲੈ ਕੇ ਆਪਣੀ ਸਹੇਲੀ ਪੀਤੋ ਨਾਲ ਖੇਤ ਨੂੰ ਤੁਰ ਪੈਂਦੀ ਹੈ।

ਉਧਰ ਖੇਤਾਂ ਵਿੱਚ ਹਰਨਾਮ ਸਿੰਘ ਨੂੰ ਪਿਓ ਦੇ ਨਾਲ ਖੇਤਾਂ ਵਿੱਚ ਹਲ ਵਾਹੁੰਦਿਆਂ ਅਤੇ ਸਿਆੜ ਕੱਢਦਿਆਂ ਆਪਣੇ ਭੱਤੇ ਅਤੇ ਭੱਤਾ ਲੈ ਕੇ ਆਉਣ ਵਾਲੀ ਆਪਣੀ ਘਰਵਾਲੀ ਦਾ ਇੰਤਜ਼ਾਰ ਹੁੰਦਾ ਹੈ। ਉਹ ਹਲ ਵਾਹੁੰਦਾ ਹੈ ਅਤੇ ਪਿੰਡੋਂ ਆਉਂਦੀਆਂ ਤੀਵੀਆਂ ਵਿੱਚ ਆਪਣੀ ਕੀਮਤ ਨੂੰ ਲੱਭਦਾ ਹੈ। ਉਸਨੂੰ ਪੂਰੀ ਉਮੀਦ ਹੁੰਦੀ ਹੈ ਕਿ ਉਸਦੀ ਘਰਵਾਲੀ ਹੀ ਰੋਟੀ ਲੈ ਕੇ ਆਵੇਗੀ ਪਰ ਉਹ ਉਦਾਸ ਹੋ ਜਾਂਦਾ ਹੈ ਜਦੋਂ ਉਹ ਕੋਈ ਹੋਰ ਹੀ ਹੁੰਦੀ ਹੈ। ਉਹ ਆਪਣੀ ਸਾਰੀ ਨਰਾਜ਼ਗੀ ਵਿਚਾਰੇ ਬਲਦਾਂ ਤੇ ਪਰਾਣੀਆਂ ਮਾਰ ਕੇ ਜਾਂ ਵਿੰਗੇ-ਸਿੰਧੇ ਸਿਆੜ ਕੱਢ ਕੇ ਕੱਢਦਾ ਹੈ।

Class- 9 Ramandeep Kaur

Topic- ਭੱਤਾ ਪਾਠ -2

ਉਸਦਾ ਮਨ ਮੱਛੀ ਉਦਾਸ ਹੋ ਜਾਂਦਾ ਹੈ। ਪਰ ਉਸਦੀ ਉਮੀਦ ਉਸ ਵੇਲੇ ਬਿਲਕੁਲ ਹੀ ਟੁੱਟ ਜਾਂਦੀ ਹੈ ਕਿ ਜਦੋਂ ਉਹ ਆਪਣੀ ਭੈਣ ਲਾਜੋ ਅਤੇ ਉਸਦੀ ਸਹੇਲੀ ਚੀਤੋ ਨੂੰ ਭੱਤਾ ਲੈ ਕੇ ਆਉਂਦੀਆਂ ਵੇਖਦਾ ਹੈ। ਬਾਪੂ ਉਸਦਾ ਉਤਰਿਆ ਚਿਹਰਾ ਦੇਖ ਕੇ ਸਮਝ ਜਾਂਦਾ ਹੈ ਤੇ ਲਾਜੋ ਨੂੰ ਆਖਦਾ ਹੈ ਕਿ ਮਾਂ ਨੂੰ ਕਹੇ ਤੇਰੀ ਭਾਬੀ ਹੀ ਭੱਤਾ ਲੈ ਕੇ ਆਇਆ ਕਰੇ। ਤੂੰ ਲੱਸੀ ਦਾ ਡੱਕਰਾ ਛੋਟਾ ਲਿਆਉਂਦੀ ਹੈ। ਫਿਰ ਤਾਂ ਅਸੀਂ ਰੁਹ ਮੁਕਾ ਦਿਆਂਗੇ। ਪਰ ਅੱਗੋਂ ਲਾਜੋ ਆਖਦੀ ਹੈ ਕਿ ਭਾਬੀ ਅੱਜ ਦਾਣਾ ਦਲਦੀ ਹੈ, ਦਾਣਾ ਮੁੱਕਿਆ ਹੋਇਆ ਸੀ। ਇਸ ਕਰਕੇ ਮਾਂ ਨੇ ਮੈਨੂੰ ਭੇਜ ਦਿੱਤਾ। ਪਰ ਬਾਪੂ ਕਿਸੇ ਹੋਰ ਕਾਰਣ ਇਹ ਗੱਲ ਕਹਿ ਗਿਆ ਸੀ। ਉਹ ਚੰਗੀ ਤਰ੍ਹਾਂ ਸਮਝ ਗਿਆ ਸੀ ਕਿ ਹਰਨਾਮ ਸਿੰਘ ਤਾਂ ਆਪਣੀ ਘਰਵਾਲੀ ਦੀ ਉਡੀਕ ਕਰਦਾ ਸੀ। ਉਸਦੀ ਉਦਾਸੀ ਨੂੰ ਬਾਪੂ ਚੰਗੀ ਤਰ੍ਹਾਂ ਭਾਂਪ ਗਿਆ ਸੀ। ਪਰ ਕੁੜੀਆਂ ਨੂੰ ਤਾਂ ਕੀ ਕਹਿਣਾ ਸੀ।

ਸੋ ਅਸੀਂ ਇਸ ਕਹਾਣੀ ਵਿੱਚ ਪੰਜਾਬ ਦੇ ਪਿੰਡਾਂ ਦੀ ਸਮੁੱਚੀ ਤਸਵੀਰ ਨੂੰ ਵੇਖ ਸਕਦੇ ਹਾਂ। ਉਹਨਾਂ ਦਾ ਰਹਿਣ - ਸਹਿਣ ਖਾਣ - ਪੀਣ ਅਤੇ ਕੰਮ-ਕਾਜ। ਕਹਾਣੀ ਵਿੱਚ ਅੱਗੇ ਕੀ ਵਾਪਰਦਾ ਹੈ, ਅਗਲੇ ਪਰਤੇ ਵਿਚਾਰਾਂਗੇ।

**ਘਰ ਦਾ ਕੰਮ** - ਕਹਾਣੀ ਨੂੰ ਪੱਟੋ - ਪੱਟ 2-3 ਵਾਰ ਪੜ੍ਹੋ।

(ਧੰਨਵਾਦ) (Last page)